202412


# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ ਈ, ਛੇਵੀਂ ਮੰਜ਼ਿਲ, ਫੇਜ਼ 8, ਮੋਹਾਲੀ.

ਈਮੇਲ: directorscert@punjabeducation.gov.in, ਫੋਨ ਨੰ. 0172 2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.)

ਸਮੂਹ ਸਕੂਲ ਮੁਖੀ

ਪੰਜਾਬ।

ਮੀਮੋ ਨੰ: e-795108 /SCERT/QP/UP/2024/ 311779

ਮਿਤੀ: ਐਸ.ਏ.ਐਸ. ਨਗਰ, 03.12.2024

ਵਿਸ਼ਾ: PM Shri ਸਕੂਲਾਂ ਵਿੱਚ Subject Fairs ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 PM Shri ਸਕੀਮ ਤਹਿਤ ਰਾਜ ਵਿੱਚ ਚੁਣੇ ਗਏ 233 ਸਕੂਲਾਂ ਵਿੱਚ PAB 2024-25 ਵਿੱਚ ਪ੍ਰਵਾਨਿਤ Learning Enhancement Programme ਤਹਿਤ ਜਮਾਤਾਂ 6ਵੀਂ ਤੋਂ 12ਵੀਂ ਦੇ ਵਿਦਿਆਰਥੀਆਂ ਵਿੱਚ experiential learning ਨੂੰ ਪ੍ਰੋਤਸਾਹਿਤ ਕਰਨ ਅਤੇ Learning by doing ਦੇ ਸਿਧਾਂਤ ਦੀ ਵਰਤੋਂ ਕਰਕੇ ਵਿਦਿਆਰਥੀਆਂ ਵੱਲੋਂ ਔਖੇ ਸਮਝੇ ਜਾਣ ਵਾਲੇ ਵਿਸ਼ਿਆਂ ਵਿੱਚ ਉਹਨਾਂ ਦੀ ਦਿਲਚਸਪੀ ਪੈਦਾ ਕਰਨ ਲਈ ਰਾਜ ਦੇ ਸਮੂਹ PM Shri ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆਂ ਦੇ fairs organize ਕੀਤੇ ਕੀਤੇ ਜਾ ਰਹੇ ਹਨ।

3.0. ਇਸ ਸਬੰਧ ਵਿੱਚ PM Shri ਸਕੂਲਾਂ ਵਿੱਚ ਸਕੂਲ ਪੱਧਰ ਤੇ ਕਰਵਾਏ ਜਾਣ ਵਾਲੇ ਵੱਖ-ਵੱਖ ਵਿਸ਼ਿਆਂ ਦੇ Fair ਦਾ schedule ਹੇਠ ਲਿਖੇ ਅਨੁਸਾਰ ਹੈ:

ਸਾਰਣੀ 1- Subject Fairs: Activity/Models /Project Work ਦੀ ਪ੍ਰਦਰਸ਼ਨੀ

| ਮਿਤੀ | ਜਮਾਤ 6ਵੀਂ ਤੋਂ 8ਵੀਂ | ਜਮਾਤ 9ਵੀਂ ਤੋਂ 10ਵੀਂ | ਜਮਾਤ 11ਵੀਂ ਤੋਂ 12ਵੀਂ |
|---|---|---|---|
| 10-ਦਸੰਬਰ-2024 | ਗਣਿਤ ਅਤੇ ਸਮਾਜਿਕ ਵਿਗਿਆਨ | ਗਣਿਤ ਅਤੇ ਸਮਾਜਿਕ ਵਿਗਿਆਨ | ਕਾਮਰਸ, ਆਰਟਸ |
| 11-ਦਸੰਬਰ-2024 | ਵਿਗਿਆਨ, ਕੰਪਿਊਟਰ ਸਾਇੰਸ, ਚੋਣਵਾ ਵਿਸ਼ਾ | ਵਿਗਿਆਨ, ਕੰਪਿਊਟਰ ਸਾਇੰਸ, ਚੋਣਵ ਚੋਣਵਾਂ ਵਿਸ਼ਾ | ਮੈਡੀਕਲ, ਨਾਨ-ਮੈਡੀਕਲ, ਵੋਕੇਸ਼ਨਲ |
| 12-ਦਸੰਬਰ-2024 | ਭਾਸ਼ਾਵਾਂ | ਭਾਸ਼ਾਵਾਂ | ਭਾਸ਼ਾਵਾਂ |

ਨੋਟ: ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਦੇ ਹਿਸਾਬ ਨਾਲ subject fairs ਲਈ ਜਰੂਰਤ ਅਨੁਸਾਰ ਇੱਕ ਹੋਰ ਦਿਨ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ।

4.0. ਇਸ ਪ੍ਰੋਗਰਾਮ ਦੇ ਸਫਲ ਸੰਚਾਲਨ ਅਤੇ ਸਕਰਾਤਮਕ ਨਤੀਜਿਆਂ ਲਈ PM Shri ਸਕੂਲਾਂ ਦੇ ਸਕੂਲ ਮੁਖੀ ਆਪਣੇ ਸਕੂਲ ਵਿੱਚ ਇਹ ਮੇਲੇ ਕਰਵਾਉਣ ਦੀ ਪਲਾਨਿੰਗ ਆਪਣੀ ਦੇਖ-ਰੇਖ ਵਿੱਚ ਕਰਨਗੇ ਅਤੇ ਉਪਰੋਕਤ ਸਮਾਂ ਸਾਰਣੀ ਅਨੁਸਾਰ ਸੰਬੰਧਤ ਵਿਸ਼ਾ ਅਧਿਆਪਕਾਂ ਦੀ ਡਿਊਟੀ ਇਸਦੀ ਤਿਆਰੀ ਅਤੇ ਸੰਚਾਲਨ ਲਈ ਲਗਾਉਣਗੇ। Subject Fairs ਦੇ ਸੰਚਾਲਨ ਲਈ ਸਕੂਲ ਲਈ ਦਿਸ਼ਾ- ਨਿਰਦੇਸ਼ ਹੇਠ ਲਿਖੇ ਅਨੁਸਾਰ ਹੈ:

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਫਰੀਦਕੋਟ

ਪਿੱਠ ਅੰਕਣ ਨੰ: ਏ-1/2024/4010 ਮਿਤੀ 09/12/2024

ਉਪਰੋਕਤ ਅੰਕਿਤ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਪੱਤਰ ਵਿਚ ਦਿੱਤੀਆਂ ਹਦਾਇਤਾਂ ਅਨੁਸਾਰ Subject fairs ਕਰਵਾਉਣੇ ਯਕੀਨੀ ਬਣਾਏ ਜਾਣ।

Gurmeet Singh

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)

ਫਰੀਦਕੋਟ 9/12/24

P.P. 09/12/24

ਇਹਨਾਂ ਮੇਲਿਆਂ ਵਿੱਚ ਵੱਧ ਤੋ ਵੱਧ ਵਿਦਿਆਰਥੀਆਂ ਦਾ ਭਾਗ ਲੈਣਾ ਯਕੀਨੀ ਬਣਾਇਆ ਜਾਵੇ ਅਤੇ ਜਿਹਨਾਂ ਵਿਦਿਆਰਥੀਆ ਦੀ ਕਾਰਗੁਜਾਰੀ (ਸਤੰਬਰ ਪ੍ਰੀਖਿਆ ਵਿੱਚ) ਵਧੀਆ ਨਹੀਂ ਸੀ, ਉਹਨਾਂ ਦਾ ਇਹਨਾਂ ਮੇਲਿਆਂ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

4.2. ਵਿਦਿਆਰਥੀਆ ਦੇ ਗਰੁੱਪ (ਵੱਧ ਤੋ ਵੱਧ 4 ਵਿਦਿਆਰਥੀ) ਵੀ ਬਣਾਏ ਜਾ ਸਕਦੇ ਹਨ ਅਤੇ ਗਰੁੱਪਿੰਗ ਕਰਨ ਵੇਲੇ ਇਹ ਧਿਆਨ ਰੱਖਿਆ ਜਾਵੇ ਕਿ ਕੇਵਲ ਹੁਸ਼ਿਆਰ ਵਿਦਿਆਰਥੀਆਂ ਨੂੰ ਇਕੋ ਗਰੁੱਪ ਵਿੱਚ ਨਾ ਰੱਖਿਆ ਜਾਵੇ। ਅਧਿਆਪਕ ਵੱਲੋ ਇਹ ਸੰਭਵ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਹਰ ਗਰੁੱਪ ਵਿੱਚ mixed abilities ਵਾਲੇ ਵਿਦਿਆਰਥੀਆ ਨੂੰ ਜਰੂਰ ਰੱਖਿਆ ਜਾਵੇ ਤਾਂ ਜੋ ਹਰ ਵਿਦਿਆਰਥੀ ਇਹਨਾਂ Subject Fairs ਵਿੱਚ ਭਾਗ ਲੈ ਕੇ ਉਤਸ਼ਾਹਿਤ ਮਹਿਸੂਸ ਕਰੇ।

4.3. ਅਧਿਆਪਕ ਵੱਲੋ ਵਿਦਿਆਰਥੀਆਂ ਨੂੰ Model/ Presentation/ Explanation ਦੇਣ ਸਬੰਧੀ ਮਾਰਗ ਦਰਸ਼ਨ ਕੀਤਾ ਜਾਵੇ ਤਾਂ ਜੋ ਵਿਦਿਆਰਥੀ Subject Fairs ਵਾਲੇ ਦਿਨ ਆਪਣੇ ਟੌਪਿਕ ਨੂੰ ਵਧੀਆ ਢੰਗ ਨਾਲ present ਕਰ ਸਕਣ।

4.4. ਅਧਿਆਪਕਾਂ ਦੀ ਸਹਾਇਤਾ ਲਈ ਜਮਾਤਾਂ ਛੇਵੀਂ ਤੋਂ ਦਸਵੀਂ ਦੀਆਂ ਕੁੱਝ ਸੁਝਾਵਿਤ ਗਤੀਵਿਧੀਆਂ ਦੀ ਸੂਚੀ ਪੱਤਰ ਨਾਲ ਨੱਥੀ ਹੈ। ਵਿਸ਼ਾ ਅਧਿਆਪਕ ਇਸ ਸੂਚੀ ਤੋਂ ਇਲਾਵਾ ਵੀ ਕਿਸੇ ਟਾੱਪਿਕ ਤੇ ਗਤੀਵਿਧੀ ਕਰਵਾ ਸਕਦੇ ਹਨ।

4.5. ਅਧਿਆਪਕ ਵਿਦਿਆਰਥੀ ਨੂੰ ਦਿੱਤੀ ਗਈ ਐਕਟੀਵਿਟੀ ਨੂੰ ਸੰਬੰਧਤ ਵਿਸ਼ੇ ਦੇ ਪਾਠਕ੍ਰਮ ਦੇ ਕਿਸੇ ਸੰਕਲਪ ਨਾਲ ਜਰੂਰ ਜੋੜੇ ਤਾਂ ਜੋ ਵਿਦਿਆਰਥੀ ਵਿੱਚ ਉਸ ਵਿਸ਼ੇ ਪ੍ਰਤੀ ਰੁਚੀ ਪੈਦਾ ਹੋ ਸਕੇ।

4.6. ਜਮਾਤਾਂ 11ਵੀਂ ਅਤੇ 12ਵੀਂ ਦੇ ਵਿਦਿਆਰਥੀ ਆਪਣੀ ਚੁਣੀ ਗਈ ਸਟਰੀਮ (Medical, Non-Medical, Humanities, Commerce and Vocational) ਦੇ ਸਿਲੇਬਸ/ ਸੰਕਲਪਾਂ ਤੇ ਅਧਾਰਿਤ ਬਣੇ ਮਾਡਲ/ਕਿਰਿਆਵਾਂ ਤਿਆਰ ਕਰਕੇ ਸਾਰਣੀ-1 ਵਿੱਚ ਦਰਸਾਈ ਸਮਾਂ ਸਾਰਣੀ ਅਨੁਸਾਰ ਪ੍ਰਦਰਸ਼ਿਤ ਕਰਨਗੇ। ਇਸ ਸੰਬੰਧੀ ਸੰਬੰਧਤ ਵਿਸ਼ੇ ਦੇ ਲੈਕਚਰਾਰ ਵਿਦਿਆਰਥੀਆਂ ਨੂੰ ਗਾਈਡ ਕਰਨਗੇ।

4.7. Subject Fairs ਲਈ ਵੱਖ-2 ਵਿਸ਼ਿਆਂ ਦੇ ਟੌਪਿਕਾ ਦੀ ਚੋਣ, ਵੰਡ ਅਤੇ presentation ਇਸ ਢੰਗ ਨਾਲ ਰੱਖੀ ਜਾਵੇ ਕਿ Activity Method ਰਾਹੀਂ ਹਰ ਵਿਦਿਆਰਥੀ ਦੀ ਕਿਸੇ ਨਾ ਕਿਸੇ ਟੋਪਿਕ/ ਸੰਕਲਪ ਦੀ ਸਮਝ ਬਣ ਜਾਵੇ।ਦਿੱਤੇ ਗਏ ਟਾਪਿਕ ਤੇ ਵਿਦਿਆਰਥੀਆਂ (ਜਾਂ ਵਿਦਿਆਰਥੀਆਂ ਦੇ ਗਰੁੱਪ) ਦੁਆਰਾ ਬਣਾਏ ਮਾਡਲਾਂ, ਚਾਰਟਾਂ, ਥ੍ਰੀ-ਡੀ ਚਾਰਟ, ਸਕਰੈਪ ਬੁੱਕ, ਨਕਸ਼ੇ ਅਤੇ ਗਲੈਬ ਗਤੀਵਿਧੀਆਂ ਆਦਿ ਦੀ ਪ੍ਰਦਰਸ਼ਨੀ ਲਗਾਈ ਜਾਵੇ।

4.8. ਮਾਡਲ ਬਣਾਉਣ ਵੇਲੇ ਰੋਜ਼ਾਨਾ ਜ਼ਿੰਦਗੀ ਵਿੱਚ ਉਸ ਦੀ ਉਪਯੋਗਤਾ ਨੂੰ ਤਰਜੀਹ ਦਿੱਤੀ ਜਾਵੇ ।

4.9. ਇਹਨਾਂ ਮਾਡਲਾਂ ਦੀ ਤਿਆਰੀ ਮਿਤੀ 07-12-2024 ਅਤੇ 09-12-2024 ਨੂੰ ਅੱਧੀ ਛੁੱਟੀ ਤੋਂ ਬਾਅਦ ਵਾਲੇ ਪੀਰੀਅਡ ਵਿੱਚ ਕਰਵਾਈ ਜਾ ਸਕਦੀ ਹੈ।

4.10. ਇਹ ਕੋਸ਼ਿਸ਼ ਕੀਤੀ ਜਾਵੇ ਕਿ ਮੇਲੇ ਲਈ ਬਣੇ ਮਾਡਲ/ ਕਿਰਿਆਵਾਂ/ਪ੍ਰੋਜੈਕਟ ਇਸ ਤਰ੍ਹਾਂ ਬਨਾਏ ਜਾਣ ਕਿ ਇਹਨਾਂ ਦੀ ਵਰਤੋਂ ਲੰਮੇਂ ਸਮੇਂ ਤੱਕ ਕੀਤੀ ਜਾ ਸਕੇ। ਮੇਲਿਆਂ ਤੋਂ ਬਾਅਦ ਇਹ ਮਾਡਲ/ ਕਿਰਿਆਵਾਂ/ਪ੍ਰੋਜੈਕਟ ਸਕੂਲ ਵਿੱਚ ਮੌਜੂਦ ਸਬੰਧਤ ਵਿਸ਼ਿਆਂ ਦੇ ਕਾਰਨਰ/ ਲੈਬ ਵਿੱਚ stock entry ਕਰਕੇ ਰੱਖੀਆਂ ਜਾਣ ਅਤੇ ਇਹਨਾਂ ਦੀ ਵਰਤੋਂ ਸਿੱਖਣ-ਸਿਖਾਉਣ ਪ੍ਰਕਿਰਿਆ ਵਿੱਚ ਕੀਤੀ ਜਾਵੇ।